ਮਹਾਰਾਜਾ ਦਲੀਪ ਸਿੰਘ ਦੀ ਬਾਦਸ਼ਾਹ ਵਜੋਂ ਆਖ਼ਰੀ ਰਾਤ ਨੂੰ ਯਾਦ ਕਰਾਉਂਦੀ ਬੱਸੀਆਂ ਕੋਠੀ ਨੂੰ ਅੰਤਰਰਾਸ਼ਟਰੀ ਮਿਆਰ ਦਾ ਸੈਲਾਨੀ ਕੇਂਦਰ ਬਣਾਵੇਗੀ ਪੰਜਾਬ ਸਰਕਾਰ : ਅਨਮੋਲ ਗਗਨ ਮਾਨ

ਰਾਏਕੋਟ, 19 ਅਪ੍ਰੈਲ (ਜਸਵੰਤ ਸਿੰਘ ਸਿੱਧੂ) : ਵਿਸ਼ਵ ਵਿਰਾਸਤ ਦਿਵਸ ਮੌਕੇ ਬੀਤੀ ਸ਼ਾਮ ਜ਼ਿਲ੍ਹਾ ਪ੍ਰਸ਼ਾਸਨ ਤੇ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰੱਸਟ ਰਾਏਕੋਟ-ਬੱਸੀਆਂ (ਲੁਧਿਆਣਾ) ਵਲੋਂ ਸਾਂਝੇ ਤੌਰ 'ਤੇ ਬੱਸੀਆਂ ਵਿਖੇ ਕਰਵਾਏ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਦੀ ਸੈਰ ਸਪਾਟਾ, ਸੱਭਿਆਚਾਰਕ ਮਾਮਲੇ

● ਮੈਂਬਰ ਪਾਰਲੀਮੈਂਟ ਸੰਜੀਵ ਅਰੋੜਾ ਵਲੋਂ ਬੱਸੀਆਂ ਕੋਠੀ ਦੇ ਵਿਕਾਸ ਲਈ ਵੀਹ ਲੱਖ ਰੁਪਏ ਦੇਣ ਦਾ ਐਲਾਨ

ਵਿਭਾਗ ਦੀ ਕੈਬਿਨਟ ਮੰਤਰੀ ਬੀਬਾ ਅਨਮੋਲ ਗਗਨ ਮਾਨ ਨੇ ਕਿਹਾ ਹੈ ਕਿ 200 ਸਾਲ ਪੁਰਾਣੀ ਇਸ ਵਡਮੁੱਲੀ ਵਿਰਾਸਤੀ ਇਮਾਰਤ ਤੇ ਇਸ ਦੇ ਕੈਂਪਸ ਨੂੰ ਅੰਤਰਰਾਸ਼ਟਰੀ ਮਿਆਰ ਦੇ ਸੈਲਾਨੀ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇਗਾ। ਇਸ ਥਾਂ 'ਤੇ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਦੀ ਆਖਰੀ ਰਾਤ ਕੱਟੀ ਹੋਣ ਕਾਰਨ ਇਸ ਦਾ ਪੰਜਾਬ ਲਈ ਇਤਿਹਾਸਕ ਮਹੱਤਵ ਵੀ ਬਹੁਤ ਜ਼ਿਆਦਾ ਹੈ।

ਉਨ੍ਹਾਂ ਕਿਹਾ ਕਿ ਬੱਸੀਆਂ ਕੋਠੀ ਦੇ ਵਿਕਾਸ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਦਿਤੇ ਅਨੁਮਾਨ ਮੁਤਾਬਕ ਸੱਭ ਕਾਰਜ ਸੰਪੂਰਨ ਕੀਤੇ ਜਾਣਗੇ। ਪੰਜਾਬ ਵਿੱਚ ਸੈਰ ਸਪਾਟਾ ਵਿਕਾਸ ਲਈ ਜਲ ਸੋਮਿਆਂ, ਧਾਰਮਕ ਯਾਤਰਾ, ਕਲਾ ਮਹੱਤਵ ਵਾਲੀਆਂ ਥਾਵਾਂ ਸਬੰਧੀ ਯੋਜਨਾਕਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਜੀ ਦਾ ਵੀ ਧੰਨਵਾਦ ਕੀਤਾ ਜਿੰਨ੍ਹਾਂ ਨੇ ਬੱਸੀਆਂ ਕੋਠੀ ਦੇ ਵਿਕਾਸ ਕਾਰਜਾਂ ਲਈ 20 ਲੱਖ ਰੁਪਏ ਭੇਜਣ ਦਾ ਐਲਾਨ ਕੀਤਾ ਹੈ। ਪੰਜਾਬ ਤੋਂ ਮੈਂਬਰ ਰਾਜ ਸਭਾ ਸ੍ਰੀ ਸੰਜੀਵ ਅਰੋੜਾ ਨੇ ਕਿਹਾ ਕਿ ਲੁਧਿਆਣਾ ਦਾ ਜੰਮਪਲ ਹੋਣ ਦੇ ਬਾਵਜੂਦ ਮੈਂ ਇਸ ਸਥਾਨ ਦੇ

ਮਹੱਤਵ ਤੋਂ ਵਾਕਿਫ਼ ਨਹੀਂ ਸਾਂ ਪਰ ਅੱਜ ਤੋਂ ਬਾਅਦ ਮੈਂ ਪੂਰੇ ਹੱਕ ਨਾਲ ਦੇਸ਼ ਦੇ ਸਮਰੱਥ ਲੋਕਾਂ ਨੂੰ ਇਸ ਸਥਾਨ ਦੇ ਦਰਸ਼ਨਾਂ ਲਈ ਲੈ ਕੇ ਆਵਾਂਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੈਂ ਇਸ ਸਥਾਨ ਦੇ ਵਿਕਾਸ ਲਈ 20 ਲੱਖ ਰੁਪਏ ਜਾਰੀ ਕਰਨ ਦੀ ਪ੍ਰਵਾਨਗੀ ਦਿਤੀ ਹੈ। ਨੇੜ ਭਵਿੱਖ ਵਿਚ ਹੋਰ ਸਾਧਨ ਵੀ ਜੁਟਾਵਾਂਗਾ। ਵਿਸ਼ਵ ਵਿਰਾਸਤ ਦਿਹਾੜੇ 'ਤੇ ਮੇਰਾ ਪਰਵਾਰ ਸਮੇਤ ਬੱਸੀਆਂ ਕੋਠੀ ਆਉਣਾ ਸਾਡੇ ਲਈ ਸ਼ੁਭ ਦਿਨ ਹੈ।

ਪੰਜਾਬ ਦੀ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਦੀ ਮੰਤਰੀ ਬੀਬਾ ਅਨਮੋਲ ਗਗਨ ਮਾਨ, ਮੈਂਬਰ ਪਾਰਲੀਮੈਂਟ ਸ਼੍ਰੀ ਸੰਜੀਵ ਅਰੋੜਾ, ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਡਾ. ਸੁਰਜੀਤ ਪਾਤਰ, ਪੰਜਾਬ ਐਗਰੀਕਲਚਰਲ ਯੂਨੀਵਰਸਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ, ਪੰਜਾਬ ਪੁਲਿਸ ਦੇ ਆਈ.ਜੀ. ਡਾ. ਕੌਸਤੁਭ ਸ਼ਰਮਾ, ਪੰਜਾਬ ਫ਼ਾਰਮਰਜ਼ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਵਤਾਰ ਸਿੰਘ ਢੀਂਡਸਾ, ਲੁਧਿਆਣਾ ਦੇ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ, ਕੰਵਰਦੀਪ ਸਿੰਘ ਸੋਨੂ ਨੀਲੀਬਾਰ, ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰੱਸਟ ਦੇ ਟਰੱਸਟੀ ਪ੍ਰਿਥੀਪਾਲ ਸਿੰਘ, ਪਰਮਿੰਦਰ ਸਿੰਘ ਜੱਟਪੁਰੀ ਤੇ ਸਿੱਖ ਚਿੰਤਕ ਡਾ ਅਨੁਰਾਗ ਸਿੰਘ ਨੇ ਬੱਸੀਆਂ ਕੋਠੀ ਬਾਰੇ ਹਰਪ੍ਰੀਤ ਸਿੰਘ ਸੰਧੂ ਵਲੋਂ ਤਿਆਰ ਕੀਤੀ ਦਸਤਾਵੇਜ਼ੀ ਫ਼ਿਲਮ ਵੀ ਲੋਕ ਅਰਪਨ ਕੀਤੀ ਗਈ। ਇਸ ਤੋਂ ਪਹਿਲਾਂ ਇਸ ਸਥਾਨ 'ਤੇ ਹਰਪ੍ਰੀਤ ਸਿੰਘ ਸੰਧੂ ਵਲੋਂ ਵਿਕਸਤ ਸੈਲਫ਼ੀ ਪੁਆਇੰਟ ਦਾ ਵੀ ਮਹਿਮਾਨਾਂ ਵਲੋਂ ਉਦਘਾਟਨ ਕੀਤਾ ਗਿਆ।

ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਮੁੱਖ ਮੰਤਰੀ ਫੰਡ ਵਿੱਚੋ ਪੰਜ ਲੱਖ ਰੁਪਏ ਦਾ ਚੈੱਕ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੂੰ ਭੇਂਟ ਕੀਤਾ। ਇਸ ਪੈਸੇ ਨਾਲ ਬੱਸੀਆਂ ਕੋਠੀ ਦਾ ਸੁਆਗਤੀ ਗੇਟ ਬਣੇਗਾ।

ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਸਮੁੱਚੇ ਲੋਕ ਉਤਸਵ ਵਿਚ ਹਿੱਸਾ ਲੈਣ ਵਾਲੇ ਕਲਾਕਾਰਾਂ, ਪ੍ਰਬੰਧਕਾਂ ਤੇ ਮਹਿਮਾਨਾਂ ਦਾ ਧਨਵਾਦ ਕੀਤਾ ਜਿਨ੍ਹਾਂ ਨੇ ਸ਼ਾਮਲ ਹੋ ਕੇ ਵਿਸ਼ਵ ਵਿਰਾਸਤ ਦਿਹਾੜੇ ਦੀਆਂ ਪੇਸ਼ਕਾਰੀਆਂ ਨੂੰ ਮਾਣਿਆ ਤੇ ਜਾਣਿਆ। ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਵਲੋਂ ਪ੍ਰਸਿੱਧ ਸੂਫ਼ੀ ਗਾਇਕ ਮੁਹੰਮਦ ਇਰਸ਼ਾਦ ਨੇ ਇਸ ਮੌਕੇ ਸੁਰਮਈ ਸੂਫ਼ੀ ਤੇ ਲੋਕ ਸੰਗੀਤ ਨਮੂਨੇ ਪੇਸ਼ ਕੀਤੇ। ਉੱਘੇ ਫ਼ੋਟੋ ਆਰਟਿਸਟ ਹਰਪ੍ਰੀਤ ਸਿੰਘ ਸੰਧੂ ਵਲੋਂ ਮਹਾਰਾਜਾ ਦਲੀਪ ਸਿੰਘ ਯਾਦਗਾਰੀ ਕੋਠੀ ਬਾਰੇ ਬਣਾਈ ਦਸਤਾਵੇਜ਼ੀ ਫ਼ਿਲਮ ਨੂੰ ਅੰਤਰਰਾਸ਼ਟਰੀ ਸਰਕਟ ਵਿਚ ਪੇਸ਼ ਕਰਨ ਲਈ ਦਰਸ਼ਕਾਂ ਸਾਹਮਣੇ ਪ੍ਰਦਰਸ਼ਿਤ ਕੀਤਾ ਗਿਆ।

ਸਮੁੰਦਰ 'ਚ ਤੈਰਦੀ ਮਿਲੀ 2 ਹਜ਼ਾਰ ਕਿਲੋ ਕੋਕੀਨ

ਰੋਮ, 19 ਅਪ੍ਰੈਲ : ਇਟਲੀ ਦੇ ਸਿਸਲੀ ਤੱਟ ਨੇੜੇ 2,000 ਕਿਲੋ ਕੋਕੀਨ ਤੈਰਦੀ ਹੋਈ ਮਿਲੀ ਹੈ।

ਰਿਪੋਰਟਾਂ ਮੁਤਾਬਕ ਇਸ ਨੂੰ 70 ਵਾਟਰਪ੍ਰੂਫ਼ ਪੈਕੇਟਾਂ ਵਿਚ ਸੀਲ ਕਰ ਕੇ ਮੈਡੀਟੇਰੀਅਨ ਸਾਗਰ ਵਿਚ ਸੁੱਟ ਦਿਤਾ ਗਿਆ ਸੀ। ਜੋ ਇਟਲੀ ਵਲ ਤੈਰ ਕੇ ਆਇਆ ਸੀ। ਇਸ ਕੋਕੀਨ ਦੀ ਕੀਮਤ 3 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ। ਇਟਾਲੀਅਨ ਪੁਲਿਸ ਮੁਤਾਬਕ ਇਹ ਕਸਟਮ ਵਿਭਾਗ ਵਲੋਂ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦਾ ਹੁਣ ਤਕ ਦਾ ਸੱਭ ਤੋਂ ਵੱਡਾ ਭੰਡਾਰ ਹੈ।ਇਟਲੀ ਦੇ ਸਮੁੰਦਰੀ ਨਿਗਰਾਨੀ ਹਵਾਈ ਜਹਾਜ਼ ਨੇ ਸਿਸੀਲੀਅਨ ਤੱਟ 'ਤੇ 2,000 ਕਿਲੋਗ੍ਰਾਮ ਕੋਕੀਨ ਦੇ ਕੈਸ਼ ਨੂੰ ਤੈਰਦੇ ਹੋਏ ਦੇਖਿਆ। ਜਿਸ ਤੋਂ ਬਾਅਦ ਉਸ ਨੇ ਪੁਲਿਸ ਨੂੰ ਸੂਚਿਤ ਕੀਤਾ। ਇਟਲੀ ਦੇ ਕਸਟਮ ਵਿਭਾਗ ਵਲੋਂ 70 ਪੈਕਟ ਜ਼ਬਤ ਕੀਤੇ ਗਏ ਹਨ। ਜਦੋਂ ਇਸ ਨੂੰ ਜ਼ਮੀਨ 'ਤੇ ਲਿਆ ਕੇ ਪੈਕਟ ਖੋਲ੍ਹਿਆ ਗਿਆ ਤਾਂ ਉਸ 'ਚ ਕੋਕੀਨ ਨਿਕਲੀ। ਕਸਟਮ ਅਧਿਕਾਰੀਆਂ ਮੁਤਾਬਕ ਕੋਕੀਨ ਦੇ ਪੈਕਟ ਮੱਛੀਆਂ ਫੜਨ ਵਾਲੇ ਜਾਲ ਵਿੱਚ ਲਪੇਟ ਕੇ ਸੁੱਟੇ ਗਏ ਸਨ। ਤਸਕਰਾਂ ਨੂੰ ਉਮੀਦ ਸੀ ਕਿ ਉਹ ਬਾਅਦ ਵਿਚ ਇਸ ਨੂੰ ਲੱਭ ਕੇ ਨਿਰਧਾਰਤ ਥਾਂ 'ਤੇ ਸਪਲਾਈ ਕਰਨਗੇ। (ਏਜੰਸੀ)

ਸ਼ੇਅਰ ਬਾਜ਼ਾਰ 'ਚ ਸੁਸਤੀ: ਸੈਂਸੈਕਸ 168 ਅੰਕ ਟੁਟਿਆ, ਨਿਫ਼ਟੀ 17650 ਤੋਂ ਹੇਠਾਂ

ਨਵੀਂ ਦਿੱਲੀ, 19 ਅਪ੍ਰੈਲ : ਹਫ਼ਤੇ ਦੇ ਤੀਜੇ ਕਾਰੋਬਾਰੀ ਦਿਨ ਯਾਨੀ ਬੁੱਧਵਾਰ ਨੂੰ ਸ਼ੇਅਰ ਬਾਜ਼ਾਰ ਦੀ ਸ਼ੁਰੂਆਤ ਕਮਜ਼ੋਰ ਹੋਈ ਹੈ। ਇਸ ਦੌਰਾਨ ਸੈਂਸੈਕਸ 168.88 ਅੰਕ ਤਕ ਟੁੱਟ ਕੇ ਕਾਰੋਬਾਰ ਕਰਦਾ ਨਜ਼ਰ ਆ ਰਿਹਾ ਹੈ। ਦੂਜੇ ਪਾਸੇ ਨਿਫ਼ਟੀ 17650 ਦੇ ਹੇਠਾਂ ਚਲਾ ਗਿਆ ਹੈ। ਰੁਪਿਆ ਡਾਲਰ ਦੇ ਮੁਕਾਬਲੇ ਸੱਤ ਪੈਸੇ ਕਮਜ਼ੋਰ ਹੋ ਕੇ 82.11 ਦੇ ਪੱਧਰ 'ਤੇ ਕਾਰੋਬਾਰ ਕਰ ਰਿਹਾ ਹੈ। ਫ਼ਿਲਹਾਲ ਸੈਂਸੈਕਸ ਸ਼ੁਰੂਆਤੀ ਕਾਰੋਬਾਰ 'ਚ 133.06 (-0.22 ਫ਼ੀ ਸਦੀ) ਅੰਕਾਂ ਦੀ ਗਿਰਾਵਟ ਦੇ ਨਾਲ 59,642.30 ਅੰਕਾਂ ਦੇ ਪੱਧਰ 'ਤੇ ਹੈ। (ਏਜੰਸੀ)

ਸਾਰੇ ਇਜ਼ਾਜਤਯੋਗ ਤਰੀਕੇ ਨਾਲ

ਦਫ਼ਤਰ ਵਸੂਲੀ ਅਫ਼ਸਰ
ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-2)
ਪਹਿਲੀ ਫ਼ਲੋਰ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਆਰ.ਸੀ. ਨੰ. 104/2021 ਨਿਲਾਮੀ ਵਿਕਰੀ ਦੀ ਮਿਤੀ : 24.05.2023

ਵਿਕ੍ਰਯ ਦਾ ਐਲਾਨਨਾਮਾ: ਅਚੱਲ ਜਾਇਦਾਦ
ਦੀ ਰਿਕਵਰੀ ਆਫ਼ ਡੈਬਟਸ ਐਂਡ ਬੈਂਕਰਪਟਸੀ ਐਕਟ, 1993 ਨਾਲ ਪੜ੍ਹੋ ਜਾਂਦੇ ਇਨਕਮ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਦੇ ਰੂਲ 37, 38 ਅਤੇ 52(1)(2) ਅਧੀਨ ਵਿਕ੍ਰਯ ਦਾ ਐਲਾਨਨਾਮਾ
ਪੇਗਾਸੂਸ ਐਸਟ੍ਰਸ ਰੀਕੰਸਟਰੱਕਸ਼ਨ ਪ੍ਰਾ. ਲਿਮ. ਬਨਾਮ ਮੈਸ. ਰਾਜ ਟਰਾਂਸਮਿਸ਼ਨ ਇਨਜੀਨੀਅਰਿਗ ਲਿਮ. ਅਤੇ ਹੋਰ

ਜਿਵੇਂ ਕਿ ਮਾਨਯੋਗੀ ਪ੍ਰਸਾਈਡਿੰਗ ਅਫ਼ਸਰ ਕਰਜ਼ਾ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀਆਰਟੀ-2) ਨੇ ਓਏ/74/2012 ਵਿਚ ਆਰਸੀ/104/2021 ਰਕਮ ਰੁ. 1,05,88,08,533.31/- (ਇਕ ਸੌ ਪੰਜੋ ਕਰੋੜ ਅਠੱਤਾਸੀ ਲੱਖ ਅਠ ਹਜ਼ਾਰ ਪੁੰਜ ਸੌ ਤੰਤੀ ਰੁ. ਇਕੱਤੀ ਪੈਸੇ ਸਿਰਫ਼) ਸਮਤੂ ਵਿਆਜ ਅਤੇ ਲਾਗਤਾਂ ਰੁ. 1,50,000 (ਇਕ ਲੱਖ ਪੰਜਾਹ ਹਜ਼ਾਰ ਰੁ. ਸਿਰਫ਼) ਸੀਡੀ(ਜ਼) ਤੋਂ ਸਾਂਝੇ ਤੌਰ 'ਤੇ ਅਤੇ ਤੁਹਾਡੇ ਤੋਂ, ਸੀਡੀ(ਜ਼) ਸਰਟੀਫਿਕੇਟ ਹੋਲਡਰ ਬੁੱਕ(ਜ਼)/ਵਿੰਤੀ ਸੰਸ੍ਥਾ(ਾਂ) ਦਾ ਬੁਕਾਇਆ ਅਦਾ ਕਰਨ ਵਿਚ ਅਸਫ਼ਲ ਰਹਿਣ 'ਤੇ ਵਸੂਲੀ ਲਈ ਜਾਰੀ ਕੀਤਾ ਹੈ। ਬਾਅਦ ਵਿਚ ਜਾਇਦਾਦ ਦਾ ਇਕ ਸੈਟ ਨਿਲਾਮੀ ਰਾਹੀਂ ਵੇਚਿਆ ਗਿਆ ਸੀ ਅਤੇ ਰੁ. 2,10,19,343.00 ਪ੍ਰਾਪਤ ਹੋਇਆ ਸੀ ਅਤੇ ਪਿਛੋਂ ਉਦਮ ਕਰਕੇ ਇਹ ਰਕਮ ਲੋਨ ਖਾਤੇ ਵਿਚ ਅਡਜਸਟ ਕੀਤੀ ਗਈ ਸੀ।

ਅਤੇ ਜਿਵੇਂਕਿ ਨਿਮਨਹਸਤਾਖਰੀ ਨੇ ਉਕਤ ਰਿਕਵਰੀ ਸਰਟੀਫ਼ਿਕੇਟ ਤੋਂ ਸੰਤੁਸ਼ਟ ਹੁੰਦਿਆਂ ਹੇਠ ਦਰਸਾਈ ਸੂਚੀ ਵਿਚ ਦਰਸਾਏ ਸਰਟੀਫਿਕੇਟ ਡੈਬਟਰ ਦੀਆਂ ਗਿਰਵੀ/ਨੰਬੀ ਜਾਇਦਾਦਾਂ ਦੀ ਵਿਕਰੀ ਕਰਨ ਦਾ ਹੁਕਮ ਦਿੱਤਾ ਹੈ।

ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਮੁਲਤਵੀ ਹੋਣ ਦੇ ਕਿਸੇ ਵੀ ਹੁਕਮ ਦੀ ਅਣਹੋਂਦ ਵਿਚ, ਉਕਤ ਜਾਇਦਾਦ ਨਿਲਾਮੀ ਰਾਹੀਂ 24.05.2023 ਨੂੰ ਬੀ.ਦੁ 14:00 ਤੋਂ 15:00 ਵਜੇ ਦੇ ਵਿਚਕਾਰ ਵੇਚੀ ਜਾਵੇਗੀ ਅਤੇ ਬੋਲੀ ਵੈਬਸਾਈਟ https://drt.auctiontiger.net ਆਨਲਾਈਨ ਰਾਹੀਂ ਸਥਾਨ ਲਵੇਗੀ। ਨਿਲਾਮੀ ਸੇਵਾ ਪ੍ਰਦਾਤਾ ਲਈ ਅਧਿਕਾਰਤ ਅਫ਼ਸਰ ਦੇ ਵੇਰਵੇ ਨਾਂ : ਸ੍ਰੀ ਰਾਮ ਸ਼ਰਮਾ, ਮੋਬਾਇਲ ਨੰ 8000023297, ਈਮੇਲ : ramprasad@auctiontiger.net & Support@auctiontiger.net ਹਨ।

ਅਧਿਕਾਰਤ ਬੈਂਕ ਅਫ਼ਸਰ ਦੇ ਵੇਰਿਵਆਂ ਲਈ ਨਿਲਾਮੀ ਸੇਵਾ ਪ੍ਰਦਾਤਾ ਹੈ : ਸ੍ਰੀ ਰਮਾਕਾਂਤ ਪਾਂਡੇ ਪੁੱਤਰ ਸ੍ਰੀ ਗ੍ਰਿਆਦੁੱਤ ਪਾਂਡੇ ਸੀਨੀਅਰ ਮੈਨੇਜ਼ਰ, ਪੇਗਾਸੂਸ ਐਸਟ੍ਰਸ ਰੀਕੰਸਟ੍ਰਕਸ਼ਨ ਪ੍ਰਾ. ਲਿਮ., ਦੁਫ਼ਤਰ ਸਥਿਤ ਹੈ ਇਕਾਈ ਨੰ 106, ਬੈਸਟ ਬਿਜ਼ਨਸ ਪਾਰਕ, ਪਲਾਟ ਨੰ. ਪੀ-2, ਨੇਤਾਜੀ ਸੁਭਾਸ਼ ਪੈਲੇਸ, ਸਾਹਮਣੇ ਫ਼ਨ ਸਿਨੇਮਾ, ਪਿਤਮਪੁਰਾ, ਨਵੀਂ ਦਿਲ੍ਹੀ-110034, ਮੋਬਾਇਲ ਨੰ. 9841700730, ਈਮੇਲ : ramakant@pegasus-arc.com ਨਾਲ ਸੰਪਰਕ ਕਰੋ।

ਉਪਰ ਦਰਸਾਏ ਨਾਂ ਦੇ ਸੀਡੀਜ਼/ਡਿਫੌਡੈਂਟਸ ਦੀਆਂ ਜਾਇਦਾਦਾਂ, ਹੇਠ ਦਰਸਾਏ ਸ਼ਡਿਊਲ ਅਨੁਸਾਰ ਅਤੇ ਦੋਣੋਂਦਾਰੀਆਂ ਅਤੇ ਉਕਤ ਜਾਇਦਾਦਾਂ ਨਾਲ ਸੰਬੰਧਤ ਦਾਅਵੇ, ਜਿੱਥੋਂ ਤੱਕ ਪਤਾ ਲਗਾਇਆ ਗਿਆ ਹੈ, ਉਹ ਹਰੁਕ ਲਾਟ ਦੇ ਵਿਰੁੱਧ ਅਨੁਸੂਚੀ ਵਿੱਚ ਦਰਸਾਏ ਗਏ ਹਨ, ਵਚੀਆਂ ਜਾਣਗੀਆਂ। ਸ਼ਡਿਊਲ ਵਿਚ ਨਿਰਧਾਰਤ ਲੋਟ ਵਿਚਲੀ ਜਾਇਦਾਦ ਵਿਕਰੀ ਲੁਈ ਰੱਖੀ ਜਾਵੇਗੀ। ਜੇ ਜਾਇਦਾਦ ਦੇ ਹਿੱਸੇ ਦੀ ਵਿਕਰੀ ਨਾਲ ਸੰਤੁਸ਼ਟੀਜਨਕ ਰਕਮ ਪ੍ਰਾਪਤ ਹੁੰਦੀ ਹੈ ਤਾਂ ਬਾਕੀ ਦੇ ਸੰਬੰਧ ਵਿਚ ਵਿਕਰੀ ਤੁਰਤ ਰੋਕ ਦਿੱਤੀ ਜਾਵੇਗੀ।

ਵਿਕਰੀ ਤਦ ਵੀ ਰੋਕ ਦਿੱਤੀ ਜਾਵੇਗੀ, ਜੇ ਉਕਤ ਸਰਟੀਫਿਕੇਟ ਵਿਚ ਦਰਸਾਏ ਇਗੀਅਰਜ਼+ਵਿਆਜ਼+ਲਾਗਤਾਂ (ਵਿਕਰੀ ਦੀ ਲਾਗਤ ਸਮੇਤ) ਅਧਿਕਾਰੀ ਨੂੰ ਸੰਚਾਲਨ ਲਈ ਟੈਂਡਰ ਕੀਤਾ ਜਾਂਦਾ ਹੈ ਜਾਂ ਸੁਬੂਤ ਉਸ ਦੀ ਤਸੱਲੀ ਲਈ ਦਿੱਤਾ ਜਾਂਦਾ ਹੈ ਕਿ ਅਜਿਹੇ ਸਰਟੀਫਿਕੇਟ ਦੀ ਰਕਮ ਨਿਮਨਹਸਤਾਖਰੀ ਨੂੰ ਦਿੱਤੀ ਗਈ ਹੈ।

ਵਿਕਰੀ 'ਤੇ ਆਮ ਜਨਤਾ ਨੂੰ ਨਿੱਜੀ ਜਾਂ ਅਧਿਕਾਰਤ ਏਜੰਟ ਰਾਹੀਂ ਬੋਲੀ ਦਾ ਸੱਦਾ ਦਿੱਤਾ ਜਾਂਦਾ ਹੈ। ਕੋਈ ਅਫ਼ਸਰ ਜਾਂ ਹੋਰ ਵਿਅੱਕਤੀ ਜਿਸ ਕੋਲ ਵਿਕਰੀ ਦੇ ਸੰਬੰਧ ਵਿਚ ਕੋਈ ਡਿਊਟੀ ਹੋਵੇਗੀ, ਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਬੋਲੀ ਲਈ, ਵਚੀਆਂ ਜਾਣ ਵਾਲੀਆਂ ਜਾਇਦਾਦਾਂ ਵਿਚ ਕੋਈ ਰੁਚੀ ਨਹੀਂ ਹੋਵੇਗੀ।

ਵਿਕਰੀ ਇਨਕਮ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਅਤੇ ਇਸ ਅਧੀਨ ਬਣੇ ਰੂਲਜ਼ ਵਿਚ ਪ੍ਰਸਤਾਵਿਤ ਸ਼ਰਤਾਂ ਅਤੇ ਹੇਠ ਦਰਸਾਈਆਂ ਅਗਾਉਂ ਸ਼ਰਤਾਂ ਤਹਿਤ ਹੋਵੇਗੀ।

1. ਨਿਮਨਹਸਤਾਖਰੀ ਦੀ ਜਾਣਕਾਰੀ ਅਨੁਸਾਰ ਵਿਸਥਤਾਰ ਅੰਤਿਕਾ ਵਿਚ ਨਿਰਧਾਰਤ ਵੇਰਵੇ ਸਹੀ ਹਨ ਨਿਮਨ ਹਸਤਾਖਰੀ ਐਲਾਨਨਾਮੇ ਵਿਚ ਕਿਸੇ ਗਲਤੀ, ਭੁੱਲ ਜਾਂ ਭੁਲੇਖੇ ਲਈ ਜ਼ਿੰਮੇਵਾਰ ਨਹੀਂ ਹੋਵੇਗਾ।
2. ਸ਼ਡਿਊਲ ਵਿਚ ਦਰਸਾਈ ਜਾਇਦਾਦ ਰਾ